# ਟੌਮ ਕੇਲੇ ਵੇਚਣ ਵਾਲਾ


Humphreys Odunga

Zablon Alex Nguku

Anu Gill


2

ਪੰਜਾਬੀ pa

ਟੌਮ ਪੱਕੇ ਕੇਲਿਆਂ ਦੀ ਟੋਕਰੀ ਲਈ ਜਾਂਦਾ ਹੈ।

ਟੌਮ ਕੇਲੇ ਵੇਚਣ ਲਈ ਬਾਜ਼ਾਰ ਜਾਂਦਾ ਹੈ।

ਬਾਜ਼ਾਰ ਵਿੱਚ ਲੋਕ ਫਲ ਖਰੀਦ ਰਹੇ ਹਨ।

ਪਰ ਕੋਈ ਵੀ ਟੌਮ ਦੇ ਕੇਲੇ ਖਰੀਦ ਨਹੀਂ ਰਿਹਾ। ਉਹ ਔਰਤਾਂ ਤੋਂ ਫਲ ਖਰੀਦਣਾ ਪਸੰਦ ਕਰਦੇ ਹਨ।

"ਸਾਡੇ ਭਾਈਚਾਰੇ ਵਿੱਚ, ਸਿਰਫ਼ ਔਰਤਾਂ ਫਲ ਵੇਚਦੀਆਂ ਹਨ," ਲੋਕ ਕਹਿੰਦੇ ਹਨ। "ਇਹ ਕਿਸ ਕਿਸਮ ਦਾ ਆਦਮੀ ਹੈ?" ਲੋਕ ਪੁੱਛਦੇ।

ਪਰ ਟੌਮ ਹਾਰ ਨਹੀਂ ਮੰਨਦਾ। ਉਸ ਨੇ ਪੁਕਾਰਿਆ, “ਮੇਰੇ ਕੇਲੇ ਖਰੀਦੋ! ਮੇਰੇ ਮਿੱਠੇ ਪੱਕੇ ਕੇਲੇ ਖਰੀਦੋ!”

ਇੱਕ ਔਰਤ ਟੋਕਰੀ ਵਿਚੋਂ ਕੁੱਝ ਕੇਲੇ ਚੁੱਕਦੀ ਹੈ। ਉਹ ਕੇਲਿਆਂ ਨੂੰ ਧਿਆਨ ਨਾਲ ਵੇਖਦੀ ਹੈ।

ਉਹ ਔਰਤ ਕੇਲੇ ਖਰੀਦ ਦੀ ਹੈ।

ਹੋਰ ਲੋਕ ਸਟਾਲ ਤੇ ਆਉਂਦੇ ਹਨ। ਉਹ ਟੌਮ ਦੇ ਕੇਲੇ ਖਰੀਦ ਕੇ ਖਾਂਦੇ ਹਨ।

ਜਲਦੀ ਹੀ, ਟੋਕਰੀ ਖਾਲੀ ਹੋ ਜਾਂਦੀ ਹੈ। ਟੌਮ ਆਪਣੀ ਕਮਾਈ ਦੇ ਪੈਸੇ ਦੀ ਗਿਣਤੀ ਕਰਦਾ ਹੈ।

ਫਿਰ ਟੌਮ ਸਾਬਣ, ਖੰਡ ਅਤੇ ਰੋਟੀ ਖਰੀਦ ਦਾ ਹੈ। ਉਹ ਇਹ ਸਮਾਨ ਆਪਣੀ ਟੋਕਰੀ ਵਿੱਚ ਰੱਖਦਾ ਹੈ।

ਟੌਮ ਟੋਕਰੀ ਆਪਣੇ ਸਿਰ ਤੇ ਟਕਾਉਂਦਾ ਹੈ ਅਤੇ ਘਰ ਚਲਾ ਜਾਂਦਾ ਹੈ।

# Global Storybooks

globalstorybooks.net

## ਟੌਮ ਕੇਲੇ ਵੇਚਣ ਵਾਲਾ

Humphreys Odunga
Zablon Alex Nguku
Anu Gill

CC BY